19Oct2001



# ਧਮਕ ਨਗਾਰੇ ਦੀ

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਮੇਰਾ ਆਪਣਾ ਲਿਖਿਆ ਇਹ ਨਾਟਕ 3 ਅਕਤੂਬਰ 2001 ਨੂੰ ਟੈਗੋਰ ਥੀਏਟਰ ਚੰਡੀਗੜ੍ਹ 'ਚ ਪੇਸ਼ ਕੀਤਾ ਗਿਆ। ਇਕ ਬੇਹਤਰੀਨ ਪੇਸ਼ਕਾਰੀ ਹੋਣ ਦੇ ਬਾਵਜੂਦ ਮੇਰਾ ਇਹ ਪ੍ਰਭਾਵ ਹੈ ਕਿ ਇਸ ਪੇਸ਼ਕਾਰੀ 'ਚ ਨਾਟਕ ਦੇ ਅਸਲੀ ਤੱਤ ਨੂੰ ਪੂਰੀ ਤਰ੍ਹਾਂ ਪੇਸ਼ ਨਹੀਂ ਕੀਤਾ ਜਾ ਸਕਿਆ। ਇਹ ਨਾਟਕ ਲੋਕ ਨਾਇਕ ਦੁੱਲਾ ਭੱਟੀ ਦੀ ਜੀਵਨ ਗਾਥਾ ਹੈ। ਦੁੱਲਾ ਭੱਟੀ ਦਾ ਇਕ ਸੰਕਲਪ, ਗਰੀਬਾਂ ਦਾ ਹਮਦਰਦ 'ਰੌਬਿਨ ਹੁਡ' ਵਾਲਾ ਸੰਕਲਪ ਹੈ। ਉਸ ਦੇ ਨਾਂ ਨਾਲ ਜੁੜਦਾ 'ਲੋਹੜੀ ਦਾ ਗੀਤ' ਵੀ ਇਸੇ ਸੰਕਲਪ ਨਾਲ ਜੁੜਦਾ ਹੈ। ਉਸ ਦੀ ਸ਼ਖਸੀਅਤ ਦਾ ਦੂਜਾ ਸੰਕਲਪ ਕਿਸਾਨੀ ਬਗਾਵਤ ਨਾਲ ਜੁੜਦਾ ਹੈ ਅਤੇ ਉਹ ਦਾ ਇਹੀ ਸੰਕਲਪ ਇਸ ਨਾਟਕ ਦਾ ਵਿਸ਼ਾ ਹੈ।

ਨਾਟਕ ਸ਼ੁਰੂ ਹੋਣ 'ਤੇ ਕੋਰਸ ਮੰਚ 'ਤੇ ਆਉਂਦਾ ਹੈ। ਨਾਟਕ ਦਾ ਨਿਚੋੜ ਇਸ ਕੋਰਸ ਦੇ ਗੀਤ ਵਿਚ ਸਪਸ਼ਟ ਤੌਰ 'ਤੇ ਮੌਜੂਦ ਹੈ :

*ਇਕ ਜ਼ਿਲਾ ਲਾਹੌਰ ਪੰਜਾਬ ਅੰਦਰ,*
*ਜਿਹਦੀ ਲੱਭਦੀ ਨਾ ਕੋਈ ਮਿਸਾਲ ਲੋਕੋ।*
*ਬਾਰਾਂ ਕੋਸ ਤੋਂ ਉਸ ਦੇ ਇਕ ਸ਼ਹਿਰ ਵਸਦਾ,*
*ਨਾਂ ਉਸ ਦਾ ਸਾਂਦਲ ਦੀ ਬਾਰ ਲੋਕੋ।*
*ਪੁੱਤ ਧੀਆਂ ਉਥੋਂ ਦੇ ਬੜੇ ਹਿੰਮਤੀ,*
*ਹੱਸਦੇ ਵੱਸਦੇ ਖੁਸ਼ੀ ਦੇ ਨਾਲ ਲੋਕੋ।*
*ਅਕਬਰ ਬਾਦਸ਼ਾਹ ਉਨ੍ਹਾਂ ਤੋਂ ਤੰਗ ਬਹੁਤਾ,*
*ਨਾ ਸੀ ਸ਼ਾਹ ਨੂੰ ਉਹ ਕੁਝ ਦਵਾਲ ਲੋਕੋ।*
*ਆਖਰ ਜਿੱਚ ਹੋ ਕੇ ਅਕਬਰ ਬਾਦਸ਼ਾਹ ਨੇ,*
*ਘੱਲੀ ਫੌਜ ਕੀਤਾ ਬੁਰਾ ਹਾਲ ਲੋਕੋ।*
*ਪਕੜ ਸਾਹਮਣੇ ਸਾਂਦਲ ਸਰਦਾਰ ਕੀਤਾ,*
*ਅਕਬਰ ਪੁੱਛਦਾ ਰੋਕੀ ਕਿਉਂ ਢਾਲ ਲੋਕੋ।*
*ਬਾਦਸ਼ਾਹ ਤੋਂ ਖੌਫ ਮੂਲ ਨਾ ਕੀਤਾ,*
*ਕਾਹਦਾ ਮਾਲੀਆ ਕੀਤਾ ਸਵਾਲ ਲੋਕੋ।*
*ਸੁਣ ਕੇ ਬਾਦਸ਼ਾਹ ਅੱਗ ਦੇ ਵਾਂਗ ਹੋਇਆ,*
*ਗੁੱਸੇ ਨਾਲ ਚਿਹਰਾ ਲਾਲੋ-ਲਾਲ ਲੋਕੋ।*
*ਦਿੱਤਾ ਤੁਰੰਤ ਜਲਾਦਾਂ ਨੂੰ ਹੁਕਮ ਉਸ ਨੇ,*
*ਨਹੀਂ ਸਮਝਦੇ ਇਹ ਕੋਈ ਚਾਲ ਲੋਕੋ।*
*ਸਿਰ ਕੱਟ ਕੇ ਤਨ ਤੋਂ ਦੂਰ ਕਰਕੇ,*
*ਪੁੱਠੀ ਲਾਹਵਣੀ ਇਨ੍ਹਾਂ ਦੀ ਖਾਲ ਲੋਕੋ।*
*ਸਿਰ ਨਾਲ ਦਰਵਾਜ਼ੇ ਦੇ ਟੰਗ ਦੇਣੇ,*
*ਨਾਲ ਖੱਲ ਭਰ ਕੇ ਤੂੜੀ ਨਾਲ ਲੋਕੋ।*
*ਨਾਟਕ ਦੁੱਲੇ ਦਾ ਹੁਣ ਤਾਂ ਪੇਸ਼ ਕਰਦੇ,*
*ਪੁੱਤ ਫਰੀਦ ਦਾ ਪੋਤਾ ਸਾਂਦਲ ਸਰਦਾਰ ਲੋਕੋ।*
*ਚੁੱਕੀ ਤੇਗ ਤੇ ਜ਼ੁਲਮ ਨਾਲ ਲਈ ਟੱਕਰ,*
*ਜਮ ਕੇ ਜੂਝਿਆ ਸਾਥੀਆਂ ਨਾਲ ਲੋਕੋ।*
*ਕੀ ਹੋਇਆ ਜੇ ਜੂਝਿਆ ਛੇ ਸੌ ਸਾਲ ਪਹਿਲੇ,*
*ਦੁੱਲਾ ਹਾਲੇ ਵੀ ਸਾਡੇ ਵਿਚਕਾਰ ਲੋਕੋ।*
*ਜਦ ਤਕ ਜ਼ੁਲਮ ਨਾਲ ਰਹੇਗੀ ਟੱਕਰ,*
*ਦੁੱਲਾ ਰਹੇਗਾ ਲੋਕਾਂ ਨੂੰ ਯਾਦ ਲੋਕੋ।*

ਇਸ ਕੋਰਸ ਰਾਹੀਂ ਨਾਟਕ ਦੇ ਵਿਸ਼ਾ ਵਸਤੂ ਬਾਰੇ ਦਰਸ਼ਕਾਂ ਲਈ ਪੂਰੀ ਪਹਿਚਾਣ ਕਰਵਾ ਦਿੱਤੀ ਗਈ ਸੀ। ਚੰਡੀਗੜ੍ਹ ਦੀ ਪੇਸ਼ਕਾਰੀ ਵਿਚ ਇਸ ਕੋਰਸ ਦੇ ਗੀਤ ਨੂੰ ਲੋੜੀਂਦੀ ਮਹੱਤਤਾ ਨਹੀਂ ਦਿੱਤੀ ਗਈ। ਬੱਝਵਾਂ ਪ੍ਰਭਾਵ ਸ਼ੁਰੂ ਤੋਂ ਨਹੀਂ ਪਿਆ। ਇਸੇ ਤਰ੍ਹਾਂ ਲਟਕਦੀਆਂ ਖੱਲਾਂ ਬਾਰੇ ਸਿਪਾਹੀ ਜਦੋਂ ਲਾਹੌਰ ਪੁੱਜ ਕੇ ਪੇਂਡੂਆਂ ਨੂੰ ਦੱਸਦੇ ਹਨ ਤਾਂ ਉਨ੍ਹਾਂ ਦੀ ਅਦਾਕਾਰੀ ਵਿਚ ਖਾਹਮਖਾਹ ਹਾਸਰਸ ਦਾ ਅੰਸ਼ ਲਿਆਂਦਾ ਗਿਆ ਜਦੋਂ ਕਿ ਲੋਕ ਜਾਣਕਾਰੀ ਵਾਲੇ ਪ੍ਰਭਾਵਸ਼ਾਲੀ ਬਿਆਨ ਦਾ ਸੀ। ਨਾਟਕ ਦੇ ਡੀਜ਼ਾਈਨ ਵਿਚ ਕੋਰਸ ਦੀ ਭੂਮਿਕਾ ਕਹਾਣੀ ਅੱਗੇ ਤੋਰਨ ਲਈ ਅਤੇ ਦਰਸ਼ਕ ਨਾਲ ਸੰਚਾਰ ਬਣਾਉਣ ਲਈ ਬੜੀ ਅਹਿਮ ਹੈ ਪਰ 3 ਅਕਤੂਬਰ ਵਾਲੀ ਪੇਸ਼ਕਾਰੀ ਵਿਚ ਉਸ ਨੂੰ ਨਜ਼ਰਅੰਦਾਜ਼ ਕੀਤਾ ਗਿਆ।

*ਮਾਂ ਲੱਧੀ ਪੁੱਤਰ ਜੰਮਿਆ, ਉਸ ਰੱਖਿਆ ਦੁੱਲਾ ਨਾਂ,*
*ਉਹ ਆਖੇ ਜੋ ਸ਼ਾਹ ਲੁੱਟਦੇ, ਮੈਂ ਭੰਨਾਂ ਉਨ੍ਹਾਂ ਦੀ ਬਾਂਹ।*

ਦੁੱਲੇ ਦੀ ਜ਼ਿੰਦਗੀ ਦੀ ਇਕ ਅਹਿਮ ਘਟਨਾ ਹੈ, ਜਦੋਂ ਨੰਦੀ ਮਰਾਸਣ ਦੁੱਲੇ ਨਾਲ ਤਕਰਾਰ ਵਿਚ ਉਸ ਨੂੰ ਬੋਲੀ ਮਾਰਦੀ ਹੈ :

ਨੰਦੀ : ਹਾਏ ਮੇਰਾ ਸਿਰ ਕਿਉਂ ਭੰਨੇਗਾ। ਜੇ ਏਡਾ ਹੀ ਰਾਠ ਏਂ ਤਾਂ ਜਾ ਕੇ ਉਨ੍ਹਾਂ ਦੇ ਸਿਰ ਭੰਨ ਜਿਹੜੇ ਤੇਰੇ ਪਿਓ ਦਾਦੇ ਨੂੰ ਖਾ ਗਏ।

ਦੁੱਲਾ : ਕੌਣ ਖਾ ਗਏ?

ਨੰਦੀ : ਆਪਣੀ ਮਾਂ ਕੋਲੋਂ ਪੁੱਛ।

ਦੁੱਲਾ ਆਪਣੀ ਮਾਂ ਕੋਲ ਸਵਾਲ ਕਰਦਾ ਹੈ। ਲੱਧੀ ਜਕੋ ਤਕੀ ਵਿਚ ਦੱਸਦੀ ਹੈ। ਇਹ ਵਾਰਤਾਲਾਪ ਨਾਟਕ ਦਾ ਇਕ ਅਹਿਮ ਪੜਾਅ ਵੀ ਹੈ ਤੇ ਸਾਹਿਤਕ ਸ਼ਕਤੀ ਦਾ ਵੀ ਪ੍ਰਮਾਣ ਹੈ।

ਲੱਧੀ : ਜਦੋਂ ਉਹ ਤੇਰੇ ਪਿਓ ਦਾਦੇ ਨੂੰ ਫੜਨ ਆਏ ਤਾਂ ਅਸਮਾਨੋਂ ਹਾਲੀ ਤਾਰਿਆਂ ਦੀ ਵਹਿੰਗੀ ਵੀ ਨਹੀਂ ਸੀ ਲੱਥੀ। ਹਾਲੀ ਚਿੜੀ ਵੀ ਨਹੀਂ ਸੀ ਚੂਕੀ। ਉਹ ਆਏ ਤੇ ਉਨ੍ਹਾਂ ਦੀਆਂ ਮੁਸ਼ਕਾਂ ਬੰਨ੍ਹ ਕੇ ਲੈ ਚਲੇ। ਮੈਂ ਤੇਰੇ ਪਿਓ ਵੱਲ ਤੱਕਿਆ, ਉਹਦੀਆਂ ਅੱਖਾਂ ਵਿਚ ਅੱਗ ਪਈ ਵਰ੍ਹਦੀ ਸੀ, ਲਹੂ ਪਿਆ ਸਿੰਮਦਾ ਸੀ ਤੇ ਜਾਣ ਲੱਗਿਆਂ ਉਹ ਇਕ ਬਿੰਦ ਮੇਰੇ ਵੱਲ ਭਉਂ ਕੇ ਤੱਕਿਆ ਤੇ ਪਲ ਦੀ ਪਲ ਉਹ ਅੱਗ ਵਰ੍ਹਾਂਦੀਆਂ ਲਹੂ ਸਿੰਮਦੀਆਂ ਅੱਖਾਂ ਸੇਜਲ ਹੋ ਗਈਆਂ ਤੇ ਉਸ ਬੱਸ ਏਨਾ ਹੀ ਆਖਿਆ, 'ਅੱਛਾ ਲੱਧੀਏ, ਰੱਬ ਰਾਖਾ ਤੇ ਤੇਰੇ ਦਾਦੇ ਦੇ ਮੁੱਖ ਤੋਂ ਨੂਰ ਪਿਆ ਵਰ੍ਹਦਾ ਸੀ।

ਨਾਟਕ ਦਾ ਅਗਲਾ ਪੜਾਅ ਹੈ, ਜਦੋਂ ਦੁੱਲਾ ਬਗਾਵਤ ਦੀ ਤਿਆਰੀ ਕਰਦਾ ਹੈ, ਬਜ਼ੁਰਗਾਂ ਦੀ ਟਮਕ ਮੰਚ ਦੇ ਵਿਚਕਾਰ ਲਿਆਂਦਾ ਹੈ। ਮਾਂ ਸ਼ਗਨ ਕਰਕੇ ਉਹਦੇ ਹੱਥ ਵਿਚ ਸੋਟੀਆਂ ਫੜਾਂਦੀ ਹੈ। ਦੁੱਲਾ ਟਮਕ ਵਜਾਂਦਾ ਹੈ ਅਤੇ ਕੋਰਸ ਗਾਂਦਾ ਹੈ :

*ਫਿਰ ਉਠਿਆ ਦੁੱਲਾ ਸੂਰਮਾ*
*ਉਹਦੀਆਂ ਅੱਖਾਂ ਲਾਲੋ ਲਾਲ....*
*ਉਹ ਮੈਂ ਰੰਡੀਆਂ ਕਰਾਂ ਲਾਹੌਰਨਾਂ*
*ਜਿਹਦੀ ਕਿਤੇ ਨਾ ਮਿਲੇ ਮਿਸਾਲ*
*ਅੱਜ ਧੌਂਸਾ ਖੜਕੇ ਬਾਰ ਚੋਂ*
*ਜੀਹਦੀ ਪਹੁੰਚੇ ਧਮਕ ਲਾਹੌਰ*
*ਬੇਲੀਓ ਪਹੁੰਚੇ ਧਮਕ ਲਾਹੌਰ*

ਬਗਾਵਤ ਦੇ ਅੰਸ਼ ਦੇ ਨਾਲ ਨਾਲ ਸਮਕਾਲੀ ਪ੍ਰਸਥਿਤੀਆਂ ਨਾਲ ਜੁੜਦੀਆਂ ਘਟਨਾਵਾਂ ਵੀ ਹਨ ਤੇ ਵਿਅੰਗ ਵਾਲੀਆਂ ਟਿੱਪਣੀਆਂ ਵੀ ਹਨ। ਇਕ ਟਿਪਣੀ ਅੱਜ ਦੀ ਸਿੱਖਿਆ ਪ੍ਰਣਾਲੀ 'ਤੇ ਵੀ ਹੈ। ਇਕ ਸਕੂਲ ਦੀ ਝਾਕੀ ਹੈ। ਮੀਆਂ ਜੀ ਨੇ ਸਾਰਿਆਂ ਬੱਚਿਆਂ ਨੂੰ ਕੰਨ ਫੜਾਏ ਹੋਏ ਹਨ ਜਦੋਂ ਮਰਾਸੀ ਆਂਦਾ ਹੈ :

ਮਰਾਸੀ : ਉਹ ਮੀਆਂ ਜੀ, ਇਨ੍ਹਾਂ ਛੋਹਰਾਂ ਨੂੰ ਕੀ ਕੀਤਾ ਜੇ?

ਮੀਆਂ ਜੀ : ਓਏ ਮਰਾਸੀਆ, ਇਨ੍ਹਾਂ ਨੂੰ ਬੰਦੇ ਬਣਾ ਰਿਹਾ ਹਾਂ।

ਮਰਾਸੀ : ਜੇ ਇਨ੍ਹਾਂ ਨੂੰ ਬੰਦੇ ਬਣਾਉਣਾ ਤਾਂ ਇਨ੍ਹਾਂ ਨੂੰ ਸਿੱਧਿਆਂ ਖੜ੍ਹਾ ਕਰ, ਇੰਝ ਤਾਂ ਇਹ ਟੱਟੂ ਬਣ ਜਾਣੇ ਨੇ...ਮੀਆਂ ਜੀ ਇਕ ਗੱਲ ਆਖਾਂ, ਬਾਰ ਦੇ ਲੋਕਾਂ ਨੂੰ ਲੋੜ ਏ ਮਰਦਾਂ ਦੀ...ਤੁਹਾਡਾ ਇਲਮ ਜੇ ਥੋਥਾ, ਬੰਦੇ ਨੂੰ ਹਵਾ ਵਿਚ ਉਡਾਸਨ ਪਰ ਮਿੱਟੀ ਦੀ ਗੱਲ ਕਦੇ ਨਾ ਕਰਸਨ....ਮੀਆਂ ਜੀ, ਇਹ ਤੁਹਾਡੀਆਂ ਸਾਰੀਆਂ ਕੁਤਬਾਂ ਲਾਹੌਰੋਂ ਲਿਖੀਆਂ ਆਈਆਂ ਨੇ। ਸ਼ਾਹ ਤੇ ਅਮੀਰਾਂ ਦੇ ਜ਼ਰ-ਖਰੀਦ ਆਲਮਾਂ ਦੀਆਂ ਲਿਖੀਆਂ ਹੋਈਆਂ ਨੇ। ਉਨ੍ਹਾਂ ਵਿਚ ਉਹੋ ਹੀ ਸਿਆਣਪ ਜਾਂ ਸੱਚ ਏ ਜਿਹੜਾ ਅਮੀਰ ਖਾਨਾਂ ਦਾ ਸੱਚ ਏ। ਇਨ੍ਹਾਂ ਕੁਤਬਾਂ ਵਿਚ ਇਹ ਕਿਧਰੇ ਨਹੀਂ ਲਿਖਿਆ, ਕਿ ਜੋ ਕੁਝ ਨਹੀਂ ਕਰਦੇ, ਹਯਾਤੀ ਦੀਆਂ ਸਾਰੀਆਂ ਨੇਹਮਤਾਂ ਹੜੱਪੀ ਬੈਠੇ ਨੇ ਤੇ ਜਿਹੜੇ ਮਿੱਟੀ ਨਾਲ ਮਿੱਟੀ ਹੁੰਦੇ ਨੇ, ਉਹ ਦੋ ਵੇਲੇ ਦੀ ਰੋਟੀ ਤੋਂ ਅਵਾਜ਼ਾਰ ਨੇ। ਇਹ ਕਿਉਂ ਏ?....ਮੀਆਂ ਜੀ, ਅਸਾਂ ਤਾਂ ਡਿੱਠਾ ਏ, ਇਹ ਪਾੜ੍ਹੇ ਹੀ ਭਾਈਚਾਰੇ ਦਾ ਸਭ ਤੋਂ ਨਿਕੰਮਾ ਤਬਕਾ ਏ। ਧੋਤੇ ਕੱਪੜੇ ਪਾ ਲਏ, ਨਾ ਕੰਮ ਏ ਨਾ ਕਾਜ ਏ। ਲਾਹੌਰ ਦੀਆਂ ਇੰਤਜ਼ਾਮੀਆਂ ਵਿਚ ਵੀ ਜਿਤਨਾ ਗੇੜ ਪਿਆ ਏ, ਇਹ ਇਨ੍ਹਾਂ ਕੁਤਬਾਂ ਪੜ੍ਹਨ ਵਾਲਿਆਂ ਨੇ ਹੀ ਪਾਇਆ ਹੋਇਆ ਏ। ਰੰਨਾਂ ਦੇ ਮੁੱਢ ਬੈਠਣ ਵਾਲੇ, ਰੰਨਾਂ ਇਨ੍ਹਾਂ ਦੀਆਂ ਆਖਸਣ, ਅਖੇ ਸਾਡੇ ਨੇੜੇ ਤਾਂ ਆਇਓ ਜੇ ਪਹਿਲੇ ਸੋਨੇ ਦੀ ਤੀਲੀ ਲਿਆਓ ਤੇ ਇਹ ਸ਼ੋਹਦੇ ਵਤ ਸਾਰੀ ਰਾਤ ਸੋਚਦੇ ਰਹਿਣਗੇ ਕਿ ਕੱਲ੍ਹ ਪਟਵਾਰਖਾਨੇ ਜਾ ਕੇ ਕਿਹਦੀ ਛਿੱਲ ਲਾਹੀਏ। ਇਹ ਬੰਦੋਬਸਤੀ ਕਾਨੂੰਨ ਵੀ ਸਭ ਇਨ੍ਹਾਂ ਦੀ ਦੇਣ ਏ। ਪਏ ਬਹਿਸਾਂ ਕਰੀ ਜਾਓ, ਵਿਚੋਂ ਨਿਕਲੇ ਭਾਵੇਂ ਕੁਝ ਵੀ ਨਾ।

ਔਰਤਾਂ ਦੀ ਸ਼ਕਤੀ ਬਾਰੇ ਨਾਟਕ ਵਿਚ ਕੁਝ ਐਸੇ ਬਿਆਨ ਹਨ ਜੋ ਸਮਕਾਲੀ ਸੋਚ 'ਤੇ ਵੀ ਪੂਰੇ ਉਤਰਦੇ ਹਨ। ਪੰਚਾਇਤ ਬੈਠੀ ਹੈ। ਮੁਗਲ ਨਾਲ ਜੰਗ ਦੀ ਗੱਲ ਚਲ ਰਹੀ ਹੈ। ਔਰਤਾਂ ਵੀ ਉਥੇ ਹਾਜ਼ਰ ਹਨ। ਵਾਰਤਾਲਾਪ ਇਸ ਤਰ੍ਹਾਂ ਹੈ :

ਬਜ਼ੁਰਗ : ਅਸੀਂ ਚੁੱਪ ਕਰਕੇ ਨਹੀਂ ਬੈਠਣਾ। ਅਸੀਂ ਉਨ੍ਹਾਂ ਦੀ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਹੈ।

ਇਕ : ਉਹ ਸਾਡੀਆਂ ਔਰਤਾਂ ਬਾਧਾਂ ਬਣਾ ਕੇ ਲੈ ਗਏ ਹਨ, ਅਸੀਂ ਉਨ੍ਹਾਂ ਦੀਆਂ ਔਰਤਾਂ ਬਣਾ ਕੇ ਲੈ ਆਈਏ।

ਲੱਧੀ : ਚੁੱਪ ਕਰੋ, ਤੁਸੀਂ ਔਰਤ ਜਾਤ ਨੂੰ ਕੀ ਸਮਝਿਆ ਹੈ? ਪੈਰ ਦੀ ਜੁੱਤੀ। ਔਰਤ ਦੇ ਪੈਰਾਂ ਵਿਚ ਜੰਨਤ ਹੁੰਦੀ ਏ ਪੁੱਤਰਾ।

ਇਕ ਔਰਤ : ਇਹ ਕੀ ਸਮਝੇਗਾ? ਰੋਜ਼ ਭਾਬੀ ਨੂੰ ਕੁੱਟਦਾ ਏ।

ਦੂਜੀ : ਇਸ ਲਿਹਾਜ਼ ਨਾਲ ਤੇ ਸਾਰੇ ਇਕੋ ਰੱਸੇ ਫਾਹੇ ਲਾਣ ਜੋਗੇ ਨੇ।

ਤੀਜੀ : ਮੇਰੇ ਵਾਲੇ ਸਮੇਤ।

ਦੂਜੀ : ਜਿਥੋਂ ਤਕ ਔਰਤ ਦਾ ਤੁਅੱਲਕ ਏ, ਕੀ ਬਾਰ ਵਾਲੇ ਤੇ ਕੀ ਲਾਹੌਰ ਵਾਲੇ, ਇਕੋ ਜਿਹੇ ਨੇ।

ਦੂਜਾ ਮਰਦ : ਤੁਸੀਂ ਬੰਦਿਆਂ ਦੇ ਕੰਮਾਂ ਵਿਚ ਕਿਉਂ ਆਂਦੀਆਂ ਹੋ?

ਦੂਜੀ : ਕਿਉਂ ਨਾ ਆਈਏ?

ਤੀਜੀ : ਲੜਾਈ ਜਦੋਂ ਹੁੰਦੀ ਏ, ਸਿਰ 'ਤੇ ਕਿਹਦੇ ਪੈਂਦੀ ਏ।

ਚੌਥੀ : ਸਾਰੀ ਉਮਰ ਦੇ ਰੋਣੇ ਕਿਹਨੂੰ ਰੋਣੇ ਪੈਂਦੇ ਨੇ।

ਲੱਧੀ : ਪੁੱਤਰਾ, ਆਪਣੀ ਧੀ ਭੈਣ ਦੀ ਇੱਜ਼ਤ ਬਚਾਉਣ ਦਾ ਇਹ ਮਤਲਬ ਨਹੀਂ ਕਿ ਦੂਜਿਆਂ ਦੀ ਧੀ ਭੈਣ ਦੀ ਇੱਜ਼ਤ ਲੁੱਟ ਲਵੋ।

ਦੂਜੀ : ਮਰਦਾਨਗੀ ਤਾਂ ਇਹ ਐ ਕਿ ਉਹ ਹੱਥ ਈ ਵੱਢ ਦੇਵੋ, ਜਿਹੜਾ ਤੁਹਾਡੀ ਧੀ ਭੈਣ 'ਤੇ ਉਠੇ।

ਤੀਜੀ : ਉਹ ਅੱਖ ਕੱਢ ਦੇਵੋ ਜਿਹੜੀ ਤੁਹਾਡੀ ਧੀ ਭੈਣ ਵੱਲ ਮੈਲੀ ਨਜ਼ਰ ਵੇਖੇ।

ਚੌਥੀ : ਉਹ ਲੱਤ ਭੰਨ ਦੇਵੋ, ਜਿਹੜੀ ਤੁਹਾਡੀ ਧੀ ਭੈਣ ਵੱਲ ਵਧੇ।

ਬਜ਼ੁਰਗ : ਠੀਕ ਏ, ਇਹ ਲੜਾਈ ਹੁਣ ਅਸੀਂ ਮਰਦਾਂ ਨੇ ਕੱਲੀ ਨਹੀਂ ਲੜਨੀ...।

ਨਾਟਕ ਦੀ ਆਖਰੀ ਕੜੀ ਉਹ ਹੈ, ਜਦੋਂ ਦੁੱਲਾ ਬਾਦਸ਼ਾਹ ਦੇ ਸਾਹਮਣੇ ਪੇਸ਼ ਹੁੰਦਾ ਹੈ। 3 ਅਕਤੂਬਰ ਵਾਲੀ ਪੇਸ਼ਕਸ਼ ਵਿਚ ਇਹ ਦ੍ਰਿਸ਼ ਪੂਰਾ ਪ੍ਰਭਾਵਸ਼ਾਲੀ ਸੀ। ਦੁੱਲੇ ਦਾ ਜਦੋਂ ਖੰਜਰ ਖੋਭ ਕੇ ਕਤਲ ਕਰ ਦਿੱਤਾ ਜਾਂਦਾ ਹੈ ਤਾਂ ਉਹ ਮਰਦੇ ਮਰਦੇ ਬੋਲ ਬੋਲਦਾ ਹੈ :

ਓਏ, ਚੁਗੱਤਿਆ, ਤਖਤ ਲਾਹੌਰ 'ਤੇ ਕੁੜਕ ਬੈਠਿਆ,

ਤੇਰੇ ਹੇਠ ਪਏ ਆਂਡੇ ਤਰੱਕ ਗਏ ਨੇ। ਤੂੰ ਹੁਣ ਭਾਵੇਂ ਕਲਗੀ ਝਾੜ ਤੇ ਭਾਵੇਂ ਖੰਭ ਫੁਲਾ ਤੇਰੇ ਦਿਨ ਪੁੱਗ ਗਏ ਨੇ।

ਅਸਾਂ ਜਾਣ ਲਿਐ, ਤੇਰਾ ਵਾਸਾ ਸਾਡਾ ਉਜਾੜਾ ਏ...

ਦੁੱਲਾ ਜਦੋਂ ਇਹ ਬੋਲ ਬੋਲਦਾ ਬੋਲਦਾ ਡਿੱਗਦਾ ਹੈ ਤਾਂ ਇਕ ਸੋਗ ਦਾ ਗੀਤ, ਕੋਰਸ ਵਜੋਂ ਉੱਚਾ ਹੁੰਦਾ ਹੈ :

*ਸੂਰਜ ਨੀਵਾਂ ਹੋ ਗਿਆ, ਸਿਖਰ ਦੁਪਹਿਰੇ,*
*ਜਲ ਵਿਚ ਰੋਵਣ ਮੱਛੀਆਂ ਸਿਖਰ ਦੁਪਹਿਰੇ..*
*ਰਾਤ ਗਮਾਂ ਦੀ ਛਾ ਗਈ ਸਿਖਰ ਦੁਪਹਿਰੇ*
ਇਕ ਤਾਰਾ ਅੰਬਰੋਂ ਟੁੱਟਿਆ ਸਿਖਰ ਦੁਪਹਿਰੇ।

ਮੈਨੂੰ ਨਿਮਾਣਾ ਜਿਹਾ ਮਾਣ ਹੈ ਕਿ ਇਹ ਨਾਟਕੀ ਕਿਰਤ ਪੰਜਾਬੀ ਨਾਟਕ ਦੀ ਇਕ ਅਹਿਮ ਦਸਤਾਵੇਜ਼ ਹੈ। ਇਹ 1978 ਵਿਚ ਅੰਮ੍ਰਿਤਸਰ ਸਕੂਲ ਆਫ ਡਰਾਮਾ ਵੱਲੋਂ ਇਕ ਨਾਟਕ ਵਰਕਸ਼ਾਪ ਵਿਚ ਤਿਆਰ ਕੀਤੀ ਗਈ। ਬੰਸੀ ਕੌਲ ਇਹਦੇ ਨਿਰਦੇਸ਼ਕ ਸਨ। ਸਕਰਿਪਟ ਲਿਖਣ ਦੀ ਵੱਡੀ ਜ਼ਿੰਮੇਵਾਰੀ ਭਾਵੇਂ ਮੈਂ ਨਿਭਾਈ, ਪਰ ਇਸ ਨੂੰ ਸੁਧਾਰਨ ਅਤੇ ਕੁਝ ਵਾਧੇ ਕਰਨ ਵਿਚ ਅਮਰਜੀਤ ਚੰਦਨ ਦਾ ਵੱਡਾ ਹੱਥ ਹੈ। ਡਾ. ਸਵਿੰਦਰਜੀਤ ਸਿੰਘ ਨੇ ਦੁੱਲਾ ਭੱਟੀ ਦੀ ਪੁਸਤਕ ਵਿਚੋਂ ਖੋਜ ਕਰਕੇ ਕੁਝ ਤੱਥ ਐਸੇ ਦੱਸੇ ਜੋ ਇਸ ਨਾਟਕ ਦਾ ਜ਼ਰੂਰੀ ਹਿੱਸਾ ਬਣੇ। ਪਰਮਜੀਤ ਵਲੋਂ ਨਾਟਕ ਦਾ ਆਖਰੀ ਗੀਤ ਹਾਲੀ ਵੀ ਪੰਜਾਬ ਦੀ ਫਿਜ਼ਾ ਵਿਚ ਗੂੰਜਦਾ ਹੈ :

*ਜਦੋਂ ਮਿੱਟੀ ਉਠਦੀ ਧਰਤੀ ਦੀ,*
*ਤਕਦੀਰ ਬਦਲਦੀ ਲੋਕਾਂ ਦੀ।*

ਨੋਟ :

ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਥੀਏਟਰ ਫਾਰ ਥੀਏਟਰ ਗਰੁੱਪ ਨੇ ਸੁਦੇਸ਼ ਸ਼ਰਮਾ ਦੀ ਨਿਰਦੇਸ਼ਨਾ ਥੱਲੇ ਇਸ ਨਾਟਕ ਨੂੰ ਤਿਆਰ ਕੀਤਾ ਹੈ। ਉਨ੍ਹਾਂ ਨੇ ਹੋਰ ਵੀ ਪੇਸ਼ਕਾਰੀਆਂ ਕਰਨ ਦੀ ਵਿਉਂਤ ਬਣਾਈ ਹੈ। ਉਮੀਦ ਹੈ ਕਿ ਆਪਣੀਆਂ ਅਗਲੀਆਂ ਪੇਸ਼ਕਾਰੀਆਂ ਵਿਚ ਉਹ ਨਾਟਕ ਦੇ ਤੱਤ ਨੂੰ ਹੋਰ ਉਭਾਰਨ ਵਿਚ ਕਾਮਯਾਬ ਹੋਣਗੇ।